ਭਾਸ਼ਾ ਵਿਭਾਗ, ਪੰਜਾਬ
ਸਰਵੋਤਮ ਹਿੰਦੀ ਪੁਸਤਕ ਪੁਰਸਕਾਰ ਨਿਯਮ

1.0 ਪੁਰਸਕਾਰ : ਸਰਵੋਤਮ ਹਿੰਦੀ ਪੁਸਤਕ ਪੁਰਸਕਾਰ ਹੇਠ ਲਿਖੇ ਅਨੁਸਾਰ ਹਨ:

| | | |
|---|---|---|
| 1.1 | ਗਿਆਨੀ ਸੰਤ ਸਿੰਘ (ਕਵਿਤਾ) ਪੁਰਸਕਾਰ | 31,000/- ਰੁ. |
| 1.2 | ਸੁਦਰਸ਼ਨ ਗਲਪ (ਨਾਵਲ/ਕਹਾਣੀ) ਪੁਰਸਕਾਰ | 31,000/- ਰੁ. |
| 1.3 | ਮੋਹਨ ਰਾਕੇਸ਼ (ਨਾਟਕ/ਇਕਾਂਗੀ) ਪੁਰਸਕਾਰ | 31,000/- ਰੁ. |
| 1.4 | ਇੰਦਰਨਾਥ ਮਦਾਨ (ਆਲੋਚਨਾ/ਸੰਪਾਦਨ/ਗਿਆਨ/ਖੋਜ) ਪੁਰਸਕਾਰ | 31,000/- ਰੁ. |
| 1.5 | ਗਿਆਨੀ ਗਿਆਨ ਸਿੰਘ (ਜੀਵਨੀ/ਸਫ਼ਰਨਾਮਾ/ਰੇਖਾ ਚਿੱਤਰ/ਸੰਸਮਰਣ) ਪੁਰਸਕਾਰ | 31,000/- ਰੁ. |
| 1.6 | ਬਾਬਾ ਫਤਹਿ ਸਿੰਘ (ਬਾਲ ਸਾਹਿਤ) ਪੁਰਸਕਾਰ | 31,000/- ਰੁ. |

2.0 ਮੁਲਾਂਕਣ ਵਿਧੀ

2.1 ਉਪਰੋਕਤ ਵੰਨਗੀਆਂ ਦੇ ਪੁਰਸਕਾਰਾਂ ਲਈ ਲੇਖਕ ਸਬੰਧਤ ਸਾਲ ਦੀਆਂ 04 ਪੁਸਤਕਾਂ ਸਮੇਤ ਨਿਰਧਾਰਿਤ ਫਾਰਮ ਭਰ ਕੇ ਐਲਾਨੀ ਮਿਤੀ ਤੋਂ ਪਹਿਲਾਂ-ਪਹਿਲਾਂ ਦਸਤੀ ਜਾਂ ਡਾਕ ਰਾਹੀਂ ਵਿਭਾਗ ਵਿੱਚ ਜਮ੍ਹਾਂ ਕਰਵਾਏਗਾ।

2.2 ਮੁਕਾਬਲੇ ਲਈ ਪੁਸਤਕਾਂ ਮੁਲਾਂਕਣ ਵਾਸਤੇ ਭੇਜਣ ਤੋਂ ਪਹਿਲਾਂ, ਡਾਇਰੈਕਟਰ ਭਾਸ਼ਾਵਾਂ ਵੱਲੋਂ ਗਠਿਤ ਵਿਭਾਗੀ ਕਮੇਟੀ ਪੁਸਤਕਾਂ ਦੇ ਮਿਆਰ ਅਤੇ ਵਿਧਾ ਦੀ ਪੜਤਾਲ ਕਰੇਗੀ। ਹਰੇਕ ਲੇਖਕ ਆਪਣੀ ਵੰਨਗੀ ਪੂਰਨ ਤੌਰ 'ਤੇ ਸਪੱਸ਼ਟ ਕਰੇਗਾ। ਪੜਤਾਲ ਉਪਰੰਤ ਜੇ ਪੁਸਤਕ ਕਿਸੇ ਵੀ ਨਿਰਧਾਰਿਤ ਵੰਨਗੀ ਵਿੱਚ ਨਹੀਂ ਆਉਂਦੀ ਜਾਂ ਕੁਝ ਇਤਰਾਜ਼ਯੋਗ ਹੈ ਤਾਂ ਲੇਖਕ ਨੂੰ ਬਿਨ੍ਹਾਂ ਜਾਣਕਾਰੀ ਦਿੱਤਿਆਂ ਪੁਸਤਕ ਨੂੰ ਮੁਕਾਬਲੇ ਵਿੱਚੋਂ ਬਾਹਰ ਕੀਤਾ ਜਾ ਸਕਦਾ ਹੈ।

2.3 ਭਾਸ਼ਾ ਵਿਭਾਗ, ਪੰਜਾਬ ਵੱਲੋਂ ਸਰਵੋਤਮ ਹਿੰਦੀ ਪੁਸਤਕ ਪੁਰਸਕਾਰ ਮੁਕਾਬਲੇ ਵਿੱਚ ਤਿੰਨ ਵਿਦਵਾਨ ਮੁਲਾਂਕਣਕਾਰਾਂ ਕੋਲੋਂ ਮੁਲਾਂਕਣ ਕਰਵਾਇਆ ਜਾਵੇਗਾ ਅਤੇ ਤਿੰਨੋਂ ਮੁਲਾਂਕਣਕਾਰਾਂ ਦੇ ਅੰਕਿਤ ਕੀਤੇ ਨੰਬਰਾਂ ਦੇ ਜੋੜ ਦੇ ਆਧਾਰ 'ਤੇ ਉਸ ਪੁਸਤਕ ਨੂੰ ਪੁਰਸਕਾਰ ਐਲਾਨਿਆ ਜਾਵੇਗਾ ਜਿਸ ਨੇ ਸਭ ਤੋਂ ਵੱਧ ਅੰਕ ਪ੍ਰਾਪਤ ਕੀਤੇ ਹੋਣਗੇ ਅਤੇ ਇਹ ਅੰਕ 60 ਫੀਸਦੀ ਤੋਂ ਵੱਧ ਹੋਣੇ ਚਾਹੀਦੇ ਹਨ।

2.4 ਜੇਕਰ ਦੋ ਜਾਂ ਦੋ ਤੋਂ ਵੱਧ ਪੁਸਤਕਾਂ ਦੇ ਕੁੱਲ ਅੰਕ ਬਰਾਬਰ ਹੋਣ ਤਾਂ ਡਾਇਰੈਕਟਰ ਭਾਸ਼ਾ ਵਿਭਾਗ ਨੂੰ ਚੌਥਾ ਮੁਲਾਂਕਣਕਾਰ ਨਿਯੁਕਤ ਕਰਨ ਦਾ ਅਧਿਕਾਰ ਹੋਵੇਗਾ।

2.5 ਜੇਕਰ ਪੁਸਤਕ ਵਿੱਚ ਕੁਝ ਇਤਰਾਜ਼ਯੋਗ ਪਾਇਆ ਜਾਂਦਾ ਹੈ ਤਾਂ ਐਲਾਨਿਆ ਪੁਰਸਕਾਰ ਰੋਕਿਆ ਜਾ ਸਕਦਾ ਹੈ ਜਾਂ ਦੂਜੇ ਸਮਰੱਥ ਲੇਖਕ ਨੂੰ ਦਿੱਤਾ ਜਾ ਸਕਦਾ ਹੈ।

3.0 **ਸਰਵੋਤਮ ਪੁਸਤਕ ਪੁਰਸਕਾਰ ਵਿਚ ਭਾਗ ਲੈਣ ਲਈ ਸ਼ਰਤਾਂ**

3.1 ਲੇਖਕ ਮੌਜੂਦਾ ਪੰਜਾਬ ਦਾ ਜੰਮਪਲ ਅਤੇ ਵਾਸੀ ਹੋਵੇ ਜਾਂ
ਆਜ਼ਾਦੀ ਤੋਂ ਪਹਿਲੇ ਪੰਜਾਬ ਦਾ ਜੰਮਪਲ ਹੋਵੇ ਜਾਂ
01 ਨਵੰਬਰ 1966 ਤੋਂ ਪਹਿਲੇ ਪੰਜਾਬ ਦਾ ਜੰਮਪਲ ਹੋਵੇ ਜਾਂ
ਜੇਕਰ ਲੇਖਕ ਪੰਜਾਬੋਂ ਬਾਹਰਲਾ ਜੰਮਪਲ ਹੈ ਪਰ ਹੁਣ ਪਿਛਲੇ 15 ਸਾਲ ਤੋਂ ਪੰਜਾਬ ਦਾ ਵਸਨੀਕ ਹੈ ਤਾਂ ਉਸ ਨੂੰ ਰਿਹਾਇਸ਼ ਸਰਟੀਫਿਕੇਟ ਦੇਣਾ ਹੋਵੇਗਾ ਜਿਹੜਾ ਉਪ-ਮੰਡਲ ਮੈਜਿਸਟਰੇਟ/ਤਹਿਸੀਲਦਾਰ ਪਾਸੋਂ ਤਸਦੀਕ ਕੀਤਾ ਗਿਆ ਹੋਵੇ।

3.2 ਮੁਕਾਬਲੇ ਲਈ ਕੇਵਲ ਉਹੀ ਪੁਸਤਕ ਵਿਚਾਰੀ ਜਾਵੇਗੀ ਜੋ ਅਧਿਸੂਚਿਤ ਸਮੇਂ/ਸਾਲ (ਉਦਾਹਰਨ ਦੇ ਤੌਰ 'ਤੇ 01 ਜਨਵਰੀ 2024 ਤੋਂ 31.12.2024 ਤੱਕ ਛਪੀਆਂ ਪੁਸਤਕਾਂ 2025 ਦੇ ਸਰਵੋਤਮ ਪੁਸਤਕ ਪੁਰਸਕਾਰਾਂ ਲਈ ਭੇਜੀਆਂ ਜਾ ਸਕਦੀਆਂ ਹਨ) ਦੌਰਾਨ ਪ੍ਰਕਾਸ਼ਿਤ ਹੋਈ ਹੋਵੇ ਅਤੇ ਜਿਸ 'ਤੇ ਆਈ.ਐੱਸ.ਬੀ.ਐੱਨ. ਨੰਬਰ ਲੱਗਿਆ ਹੋਵੇ।

3.3 ਪੁਸਤਕ ਮੌਲਿਕ ਅਤੇ ਨਿਰੋਲ ਹਿੰਦੀ ਵਿੱਚ ਹੋਣੀ ਚਾਹੀਦੀ ਹੈ, ਦੁਭਾਸ਼ੀ ਨਹੀਂ ਹੋਣੀ ਚਾਹੀਦੀ ਅਤੇ ਪੁਸਤਕ ਦਾ ਪਹਿਲਾ ਸੰਸਕਰਨ (ਐਡੀਸ਼ਨ) ਹੋਣਾ ਚਾਹੀਦਾ ਹੈ। ਪੁਸਤਕ ਲੇਖਕ ਦੀ ਕਿਸੇ ਹੋਰ ਭਾਸ਼ਾ ਵਿੱਚ ਛਪੀ ਪੁਸਤਕ ਦਾ ਅਨੁਵਾਦ ਨਾ ਹੋਵੇ। ਲੇਖਕ ਯਕੀਨੀ ਬਣਾਏਗਾ ਕਿ ਪੁਸਤਕ ਭਾਸ਼ਾ ਵਿਭਾਗ ਦੇ ਕਿਸੇ ਹੋਰ ਮੁਕਾਬਲੇ ਵਿੱਚ ਪਹਿਲਾਂ ਨਹੀਂ ਭੇਜੀ ਗਈ।

3.4 ਉਹ ਪੁਸਤਕਾਂ ਨੂੰ ਵੀ ਪੁਰਸਕਾਰ ਲਈ ਵਿਚਾਰਿਆ ਜਾਵੇਗਾ ਜੋ ਭਾਵੇਂ ਲੇਖਕ ਨੇ ਖੁਦ ਨਾ ਭੇਜੀਆਂ ਹੋਣ। ਇਹ ਪੁਸਤਕਾਂ ਪ੍ਰਕਾਸ਼ਕ, ਪਾਠਕ ਜਾਂ ਲੇਖਕ ਦਾ ਕੋਈ ਸਬੰਧੀ/ਦੋਸਤ ਵੀ ਭੇਜ ਸਕਦਾ ਹੈ। ਸ਼ਾਮਲ ਹੋਣੋ ਰਹਿ ਗਈਆਂ ਪੁਸਤਕਾਂ ਬਾਰੇ ਜੇਕਰ ਪਤਾ ਲੱਗਦਾ ਹੈ ਤਾਂ ਵਿਭਾਗ ਵੀ ਆਪਣੇ ਪੱਧਰ 'ਤੇ ਸਬੰਧਤ ਸਾਲ ਦੀਆਂ ਪੁਸਤਕਾਂ ਸ਼ਾਮਲ ਕਰ ਸਕਦਾ ਹੈ।

3.5 ਇੱਕ ਸਾਲ ਵਿੱਚ ਇੱਕ ਲੇਖਕ ਨੂੰ ਕੇਵਲ ਇੱਕ ਹੀ ਪੁਰਸਕਾਰ ਦਿੱਤਾ ਜਾਵੇਗਾ ਭਾਵੇਂ ਉਸ ਵੱਲੋਂ ਹੋਰ ਵੰਨਗੀਆਂ ਅਧੀਨ ਭੇਜੀਆਂ ਪੁਸਤਕਾਂ ਵੀ ਪੁਰਸਕਾਰ ਦੀਆਂ ਹੱਕਦਾਰ ਬਣ ਗਈਆਂ ਹੋਣ। ਅਜਿਹੀ ਸੂਰਤ ਵਿੱਚ ਪੁਰਸਕਾਰ ਕੇਵਲ ਇੱਕ ਵੰਨਗੀ ਵਿੱਚ ਹੀ (ਲੇਖਕ ਦੀ ਸਹਿਮਤੀ/ਪਸੰਦ ਅਨੁਸਾਰ) ਦਿੱਤਾ ਜਾਵੇਗਾ। ਇਸ ਉਪਰੰਤ ਦੂਸਰੀ ਵਿਧਾ ਦਾ ਪੁਰਸਕਾਰ ਦੂਜੇ ਨੰਬਰ 'ਤੇ ਆਉਣ ਵਾਲੀ ਪੁਸਤਕ ਨੂੰ ਦਿੱਤਾ ਜਾਵੇਗਾ।

3.6 ਕੋਈ ਵੀ ਲੇਖਕ ਇੱਕ ਵਿਧਾ ਵਿੱਚ ਇੱਕ ਵਾਰ ਹੀ ਪੁਰਸਕਾਰ ਹਾਸਲ ਕਰ ਸਕਦਾ ਹੈ। ਭਾਵ ਇੱਕ ਵਾਰ ਕਿਸੇ ਵਿਧਾ ਵਿੱਚ ਪੁਰਸਕਾਰ ਪ੍ਰਾਪਤ ਕਰਨ ਉਪਰੰਤ ਦੁਬਾਰਾ ਉਸੇ ਵਿਧਾ ਵਿੱਚ ਬਿਨੈ-ਪੱਤਰ (ਪੁਸਤਕ) ਨਹੀਂ ਦੇ ਸਕਦਾ। ਬਲਕਿ ਕਿਸੇ ਹੋਰ ਵਿਧਾ ਵਿੱਚ ਪੁਰਸਕਾਰ ਲਈ ਬਿਨੈ ਪੱਤਰ ਦੇ ਸਕਦਾ ਹੈ ਅਤੇ ਲਗਾਤਾਰ ਵੱਖ-ਵੱਖ ਵਿਧਾਵਾਂ ਵਿੱਚ ਪੁਰਸਕਾਰ ਹਾਸਲ ਕਰ ਸਕਦਾ ਹੈ।

**4.0 ਜੋ ਭਾਗ ਨਹੀਂ ਲੈ ਸਕਦੇ**

- ❖ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ
- ❖ ਸਾਹਿਤ ਰਤਨ ਪੁਰਸਕਾਰ ਵਿਜੇਤਾ
- ❖ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਵਿਜੇਤਾ
- ❖ ਭਾਰਤੀ ਸਾਹਿਤ ਅਕਾਦਮੀ ਦੀ 'ਯੁਵਾ ਸਾਹਿਤ ਪੁਰਸਕਾਰ' ਵਿਜੇਤਾ ਪੁਸਤਕ
- ❖ ਭਾਰਤੀ ਸਾਹਿਤ ਅਕਾਦਮੀ ਦੀ 'ਬਾਲ ਸਾਹਿਤ' ਪੁਰਸਕਾਰ ਵਿਜੇਤਾ ਪੁਸਤਕ
- ❖ ਭਾਸ਼ਾ ਵਿਭਾਗ ਦੇ ਮੌਜੂਦਾ ਕਰਮਚਾਰੀ/ਅਧਿਕਾਰੀ

4.1 ਪਹਿਲਾਂ ਕਿਸੇ ਵੀ ਰੂਪ ਵਿੱਚ ਛਪੀ ਸਮੱਗਰੀ ਨੂੰ ਨਵੀਂ ਪੁਸਤਕ ਦੇ ਰੂਪ ਵਿੱਚ ਛਾਪ ਕੇ ਪੁਰਸਕਾਰ ਲਈ ਬਿਨੈ ਪੱਤਰ ਨਹੀਂ ਦਿੱਤਾ ਜਾ ਸਕਦਾ। ਭਾਵ ਇੱਕ ਜਾਂ ਇੱਕ ਤੋਂ ਵਧੇਰੇ ਭਾਗਾਂ ਵਿੱਚ ਛਪੀਆਂ ਪੁਸਤਕਾਂ ਨੂੰ ਸੰਪਾਦਿਤ ਕਰਕੇ ਇੱਕ ਪੁਸਤਕ ਦੇ ਰੂਪ ਵਿੱਚ ਛਪਵਾ ਕੇ ਪੁਰਸਕਾਰ ਲਈ ਬਿਨੈ ਪੱਤਰ ਨਹੀਂ ਦਿੱਤਾ ਜਾ ਸਕਦਾ।

5.0 ਬਿਨੈ ਪੱਤਰ ਭੇਜਣ ਵਾਲਾ ਲੇਖਕ ਜਾਂ ਹੋਰ ਇਹ ਤਸਦੀਕ ਕਰੇਗਾ ਕਿ ਉਸ ਨੇ ਉਪਰੋਕਤ ਨਿਯਮਾਂ ਨੂੰ ਧਿਆਨ ਨਾਲ ਪੜ੍ਹ ਲਿਆ ਹੈ ਅਤੇ ਉਹ ਇਨ੍ਹਾਂ ਨਿਯਮਾਂ ਦੇ ਆਧਾਰ 'ਤੇ ਹੀ ਆਪਣੀ ਪੁਸਤਕ ਮੁਕਾਬਲੇ ਲਈ ਭੇਜ ਰਿਹਾ ਹੈ।

**6.0 ਡਾਇਰੈਕਟਰ, ਭਾਸ਼ਾ ਵਿਭਾਗ ਨਿਯਮਾਂ ਵਿੱਚ ਕਿਸੇ ਸਮੇਂ ਵੀ ਤਬਦੀਲੀ ਕਰਨ ਲਈ ਸਮਰੱਥ ਅਧਿਕਾਰੀ ਹੋਣਗੇ।**

**ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ**

**ਪਿੱਠਅੰਕਣ ਨੰ. (ਹਿੰਦੀ ਵਿਕਾਸ)-2025/48** **ਮਿਤੀ, ਪਟਿਆਲਾ/ 24-01-2025**

**ਉਤਾਰਾ:-**

1. **ਸਕੱਤਰ, ਪੰਜਾਬ ਸਰਕਾਰ, ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ, ਪੰਜਾਬ ਜੀ ਉਕਤ ਨਿਯਮਾਂ ਦੀ ਕਾਪੀ ਸੂਚਨਾ ਹਿਤ ਭੇਜੀ ਜਾਂਦੀ ਹੈ।**

**ਡਿਪਟੀ ਡਾਇਰੈਕਟਰ (ਹਿੰਦੀ ਵਿਕਾਸ)**
**ਭਾਸ਼ਾ ਵਿਭਾਗ, ਪੰਜਾਬ**

## ਭਾਸ਼ਾ ਵਿਭਾਗ, ਪੰਜਾਬ
## ਸਰਵੋਤਮ ਹਿੰਦੀ ਪੁਸਤਕ ਪੁਰਸਕਾਰ ਲਈ ਬਿਨੈਪੱਤਰ

1. ਪੁਸਤਕ ਦਾ ਨਾ.................................................................................................................

2.ਵਿਧਾ/ਵੰਨਗੀ.....................................................................................................................

3. ਲੇਖਕ ਦਾ ਨਾਂ.............................................ਮੋਬਾਇਲ ਨੰਬਰ............................................

4. ਪੁਰਸਕਾਰ ਦਾ ਨਾਂ.............................................................................................................

5. ਪੁਸਤਕ ਪ੍ਰਕਾਸ਼ਨ ਸਾਲ.........................................................................................................

6. ਕੀ ਪੁਸਤਕ ਮੌਲਿਕ ਹੈ? .......................................................................................................

7. ਲੇਖਕ ਦਾ ਪੂਰਾ ਪਤਾ..........................................................................................................

8. ਕੀ ਲੇਖਕ ਪੰਜਾਬ ਨਾਲ ਸਬੰਧਤ ਹੈ? (ਲੋੜੀਂਦਾ ਦਸਤਾਵੇਜ਼ ਦਿੱਤਾ ਜਾਵੇ)............................................

9. ਕੀ ਲੇਖਕ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਕੋਈ ਪੁਰਸਕਾਰ ਮਿਲਿਆ ਹੋਇਆ ਹੈ? ਹਾਂ। ਨਹੀਂ

ਜੇ ਹਾਂ ਤਾਂ ਵੇਰਵਾ ਦਿੱਤਾ ਜਾਵੇ...................................................................................................

10. ਕੀ ਲੇਖਕ ਨੂੰ ਭਾਸ਼ਾ ਵਿਭਾਗ ਪੰਜਾਬ ਤੋਂ ਕੋਈ ਪੁਰਸਕਾਰ ਮਿਲਿਆ ਹੈ? ਹਾਂ । ਨਹੀਂ

ਜੇਕਰ ਹਾਂ ਤਾਂ ਵੇਰਵਾ ਦਿੱਤਾ ਜਾਵੇ:

(ੳ) ਸਾਲ.................................... (ਅ) ਪੁਰਸਕਾਰ ਦਾ ਨਾਂ......................................................

(ੲ) ਪੁਸਤਕ ਦਾ ਨਾਂ.............................................................................................................

ਤਸਦੀਕ ਕੀਤਾ ਜਾਂਦਾ ਹੈ ਕਿ ਮੈਂ ਮੁਕਾਬਲੇ ਦੇ ਨਿਯਮ ਧਿਆਨ ਪੂਰਵਕ ਪੜ੍ਹ ਲਏ ਹਨ ਅਤੇ ਇਹਨਾਂ ਨਿਯਮਾਂ ਦੇ ਆਧਾਰ ਤੇ ਮੁਕਾਬਲੇ ਲਈ ਪੁਸਤਕ ਦੀਆਂ ਚਾਰ ਕਾਪੀਆਂ ਅਤੇ ਲੋੜੀਂਦੇ ਦਸਤਾਵੇਜ਼ ਭੇਜ ਰਿਹਾ ਹਾਂ।

ਬਿਨੈਕਾਰ ਦੇ ਹਸਤਾਖ਼ਰ...............................

ਲੇਖਕ/ਪ੍ਰਕਾਸ਼ਕ,ਜਾਂ ਕੋਈ ਹੋਰ.........................

ਮਿਤੀ............

ਪਤਾ ਮੋਬਾਈਲ ਨੰਬਰ ਸਮੇਤ.........................